# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ **21.11.2019**
# ਦੀ ਕਾਰਵਾਈ

(ਮਤਾ ਨੰ: **184-197**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 21.11.2019 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................. ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

**ਮਤਾ ਨੰਬਰ:-**184
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 8.11.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8.11.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 26.9.2019 ਦੀ ਮੱਦ ਨੰ: 138 ਦੇ ਲੜੀ ਨੰ:1 ਦੇ ਟੈਂਡਰ ਬਾਬਤ ਡੀ.ਸੀ. ਐਫ.ਏ.(ਆਰ) ਵਲੋ ਘੋਖਣ ਉਪਰੰਤ ਰਿਪੋਰਟ ਦੇਣ ਨੂੰ ਕਿਹਾ ਗਿਆ ਸੀ ।ਅੱਜ ਦੀ ਮੀਟਿੰਗ ਦੋਰਾਣ ਉਹਨਾਂ ਵਲੋਂ ਦੱਸਿਆ ਗਿਆ ਕਿ ਜਿਸ ਦਿਨ ਇਹ ਮਿਸਲ ਉਹਨਾਂ ਨੂੰ ਪੁਟ ਅਪ ਕੀਤੀ ਗਈ ਸੀ ਉਸੇ ਦਿਨ ਉਹਨਾਂ ਵਲੋਂ ਰਿਪੋਰਟ ਕਰਕੇ ਐਸ.ਈ.(ਓ ਐਂਡ ਐਮ) ਨੂੰ ਵਾਪਸ ਭੇਜ਼ ਦਿੱਤੀ ਗਈ ਸੀ । ਪੰਤੂ ਐਸ.ਈ.(ਓ ਐਂਡ ਐਮ) ਵਲੋਂ ਇਹ ਮਿਸਲ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਨਹੀਂ ਕੀਤੀ ਗਈ ਜਿਸ ਤੇ ਕਮੇਟੀ ਮੈਂਬਰਾਂ ਨੇ ਰੋਸ਼ ਦਾ ਪ੍ਰਗਟਾਵਾ ਕੀਤਾ ਅਤੇ ਕਮਿਸ਼ਨਰ ਜੀ ਨੇ ਇਹ ਮਿਸਲ ਹੁਣ ਤੱਕ ਲੰਬਿਤ ਰੱਖਣ ਤੇ ਐਸ.ਈ.(ਓ ਐਂਡ ਐਮ) ਨੂੰ ਸ਼ੋਅ ਕਾਜ਼ ਨੋਟਿਸ ਜਾਰੀ ਕਰਨ ਦੀ ਹਦਾਇਤ ਕੀਤੀ ।
- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 26.9.2019 ਦੀ ਮੱਦ ਨੰ: 147 ਸਬੰਧੀ ਦੋਵੇਂ ਡੀ.ਸੀ.ਐਫ.ਏਜ਼ ਨੂੰ ਰਿਪੋਰਟ ਕਰਨ ਲਈ ਹਦਾਇਤ ਕੀਤੀ ਗਈ ਸੀ ਜ਼ੋ ਕਿ ਉਹਨਾਂ ਵਲੋਂ ਰਿਪੋਰਟ ਕਰਕੇ ਮੇਅਰ ਜੀ ਨੂੰ ਭੇਜ਼ ਦਿੱਤੀ ਗਈ ਹੈ ਅਤੇ ਅੱਜ ਦੀ ਮੀਟਿੰਗ ਵਿੱਚ ਅਜੰਡੇ ਤੋਂ ਬਾਹਰੋਂ ਲੀਤੀ ਗਈ ।
- ਕਮਿਸ਼ਨਰ ਜੀ ਨੇ ਹਦਾਇਤ ਕੀਤੀ ਜਿਸ ਨਾਲ ਕਮੇਟੀ ਨੇ ਸਹਿਮਤੀ ਪ੍ਰਗਟਾਈ ਕਿ ਨਿਗਮ ਦਫ਼ਤਰ ਅੰਦਰ ਤੈਨਾਤ ਜਿੰਨੇ ਵੀ ਸੀਵਰਮੈਨ ਹਨ, ਨੂੰ ਵਾਰਡ ਵਾਈਜ਼ ਰੋਡ ਗਲੀਆਂ ਦੀ ਸਫਾਈ ਹਿੱਤ ਦਫ਼ਤਰੀ ਹੁਕਮ ਜਾਰੀ ਕਰਨ ਹਿੱਤ ਸੰਯੁਕਤ ਕਮਿਸ਼ਨਰ(ਆਰ) ਨੂੰ ਹਦਾਇਤ ਕੀਤੀ ਗਈ ਸੀ ਕਿ ਜ਼ੋਨ ਵਾਈਜ਼ ਅਜਿਹੇ ਸੀਵਰਮੈਨਾਂ ਦੀ ਤੈਨਾਤੀ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨਾਲ ਤਾਲਮੇਲ ਕਰਕੇ ਜਲਦ ਕੀਤੀ ਜਾਵੇ ਅਤੇ ਕਮੇਟੀ ਨੂੰ ਜਾਣੂ ਕਰਵਾਇਆ ਜਾਵੇ।ਪ੍ਰੰਤੂ ਮੀਟਿੰਗ ਵਿੱਚ ਸੰਯੁਕਤ ਕਮਿਸ਼ਨਰ(ਆਰ) ਹਾਜ਼ਰ ਨਹੀਂ ਸਨ ਇਸ ਲਈ ਕਮੇਟੀ ਵਲੋਂ ਫੈਸਲਾ ਲਿਆ ਗਿਆ ਕਿ ਇਸ ਸਬੰਧੀ 7 ਦਿਨਾਂ ਦੇ ਅੰਦਰ ਅੰਦਰ ਮੇਅਰ ਜੀ ਨੂੰ ਰਿਪੋਰਟ ਪੇਸ਼ ਕੀਤੀ ਜਾਵੇ ।
- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8.11.2019 ਦੀ ਮੱਦ ਨੰ: 170 ਸਬੰਧੀ ਸ਼੍ਰੀ ਸਤੀਸ਼ ਅਗਰਵਾਲ ਐਂਡ ਕੰਪਨੀ ਦੇ ਨੁਮਾਇੰਦੇ ਹਾਜ਼ਰ ਹੋਏ ਅਤੇ ਕਮੇਟੀ ਨੂੰ ਆਸ਼ਵਸਤ ਕੀਤਾ ਕਿ ਜਿੰਨੇ ਵੀ ਕੰਮ ਉਹਨਾਂ ਦੀ ਅਜੰਸੀ ਨੂੰ ਅਲਾਟ ਹਨ, ਜਲਦ ਮੁਕੰਮਲ ਕਰ ਦਿੱਤੇ ਜਾਣਗੇ ।

ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

ਮਤਾ ਨੰਬਰ:-185

ਵਿਸ਼ਾ:- ਮਾਡਲ ਹਾਉਸ ਮਾਤਾ ਰਾਣੀ ਚੌਕ ਤੋ ਡੈਅਰੀ ਵਾਲਾ ਚੌਕ ਜੀ.ਟੀ.ਵੀ ਨਗਰ ਜ਼ੋਨ ਨੰ: 4 ਬਸਤੀ ਸ਼ੇਖ ਦੇ 69" ਡਾਇਆ ਸੀਵਰ ਦੀ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਡੀ-ਸਿਲਟਿੰਗ ਰਾਹੀਂ ਸਫਾਈ ਕਰਵਾਉਣ ਬਾਰੇ।

ਤਖਮੀਨਾ ਰੁਪਏ 89,34,375/- (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵੇਗਾ ਤਾਂ)
ਅਜੰਸੀ ਦਾ ਨਾਮ:- ਮੈਸਰਜ਼ APESPL-IBA JV,
(Aryan Pumps Enviro Solution Pvt.Ltd- Inderjit Bajaj & Associates JV) Pune

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 16.10.2019 ਕਿ ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ । ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 89,34,375/- ਲਈ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਨਗਰ ਨਿਗਮ ਦੇ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮਾਂ ਅਨੁਸਾਰ ਮਿਤੀ 10.07.19 ਰਾਹੀਂ ਦਿੱਤੀ ਹੈ।

ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ ਜੀ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ ਜੀ। ਮਾਨਯੋਗ ਸੁਸ਼ੀਲ ਰਿੰਕੂ ਹਲਕਾ ਐਮ.ਐਲ.ਏ ਜੀ ਵੱਲੋਂ ਉਪਰੋਕਤ ਕੰਮ ਨੂੰ ਜਲਦੀ ਕਰਵਾਉਣ ਲਈ ਬਾਰ-ਬਾਰ ਕਿਹਾ ਜਾ ਰਿਹਾ ਹੈ ਤਾਂ ਜੋ ਉਹਨਾ ਦੇ ਇਲਾਕੇ ਵਿੱਚ ਸੀਵਰ ਦੀ ਸਮਸਿਆ ਦਾ ਹਲ ਹੋ ਸਕੇ। ਇਸ ਲਈ ਇਸ ਕੰਮ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਹਿੱਤ ਪੇਸ਼ ਹੈ।ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਮਿਤੀ 16.10.19 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 14.10.2019 ਰਾਹੀ ਉਪਰੋਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਮਿਤੀ : 13.11.2019 ਰਾਹੀ ਉਪਰੋਕਤ ਤਜਵੀਜ਼ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜਵੀਜ ਅੰਤਿਮ ਪ੍ਰਵਾਨਗੀ ਹਿਤ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

ਮਤਾ ਨੰਬਰ:-186

ਵਿਸ਼ਾ:- ਇੰਨਸਟਾਲੇਸ਼ਨ ਆਫ 8” ਡਾਇਆ ਸਟਰੇਟ ਹੈਂਡ ਬੋਰ ਟਿਊਬਵੈਲ ਐਟ ਵਿਲੇਜ਼ ਗੜ੍ਹਾ ਮੇਨ ਬਾਜਾਰ ਨਿਅਰ ਭਾਈ ਜੀਵਨ ਸਿੰਘ ਗੁਰੂਦੁਆਰਾ ਵਾਰਡ ਨੰਬਰ 22 ਜ਼ੋਨ ਨੰਬਰ 6 ਈ-ਟੈਂਡਰ ਪ੍ਰਵਾਨਗੀ ਹਿੱਤ।

| | | |
|---|---|---|
| ਤਖਮੀਨਾ ਰੁਪਏ | 12,56,599/- | |
| ਟੈਂਡਰ ਮੰਗੇ ਰੁਪਏ | 11,81,599/- (ਬਿਜਲੀ ਦੇ ਕੁਨੈਕਸ਼ਨ ਲਈ ਰਾਖਵੇ ਰਖੇ ਰੁਪੈ 75000/-) | |
| ਕੁੱਲ ਪ੍ਰਾਪਤ ਟੈਂਡਰ = 1 | (ਤੀਜੀ ਬਾਰੀ) | |
| ਟੈਂਡਰ ਅਮਾਉਂਟ ਰੁਪਏ | 11,75,691/- | ਸੇਵਿੰਗ 0.50% |
| ਅਜੰਸੀ ਦਾ ਨਾਮ | M/s Om Enterprises | |

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਵਾਉਣ ਲਈ ਤਖਮੀਨੇ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ 158(7) ਮਿਤੀ 18.10.2018 ਰਾਹੀਂ ਦਿੱਤੀ ਸੀ। ਇਸ ਤਖਮੀਨੇ ਵਿਚੋਂ ਤਕਰੀਬਨ 75,000/- ਬਿਜਲੀ ਦੇ ਕੁਨੈਕਸ਼ਨ ਲਈ ਰਾਖਵੇਂ ਰੱਖ ਕਿ ਬਾਕੀ ਰੁਪਏ 11,81,599/- ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਸੁਸਾਇਟੀਆਂ/ ਠੇਕੇਦਾਰਾਂ ਕੋਲੋਂ ਮਿਤੀ 06.02.2019 ਲਈ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਜੀ ਬਾਰੀ ਇਸ ਕੰਮ ਦੇ ਟੈਂਡਰ ਅਖਾਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 09.09.2019 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ।ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 16.10.2019 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸ: Om Enterprises ਜਲੰਧਰ ਦਾ ਵਸੂਲ ਪ੍ਰਾਪਤ ਹੋਇਆ। ਉਪਰੋਕਤ ਕੰਮ ਦੀ ਤਕਨੀਕੀ ਬਿਡ ਖੋਲੀ ਗਈ, ਜਿਸ ਵਿੱਚ ਅਜੰਸੀ ਵਲੋਂ ਤਖਮੀਨੇ ਦੀ ਰਕਮ ਤੇ ਜੀ.ਐਸ.ਟੀ Extra ਲੈਣ ਦੀ ਕੰਡੀਸ਼ਨ ਪਾਈ ਗਈ ਸੀ। ਤਕਨੀਕੀ ਬਿਡ ਇਵੈਲੁਏਸ਼ਨ ਕਮੇਟੀ ਵਲੋਂ ਉਪਰੋਕਤ ਅਜੰਸੀ ਦੀ ਵਿੱਤੀ ਬਿਡ ਇਸ ਸ਼ਰਤ ਤੇ ਖੋਲਣ ਦੀ ਸਿਫਾਰਸ਼ ਕੀਤੀ ਗਈ ਕਿ ਸਰਕਾਰ ਵਲੋਂ ਸਾਲ 2018 ਵਿੱਚ ਜਾਰੀ SOP ਦੀਆ ਹਦਾਇਤਾਂ ਅਨੁਸਾਰ ਜੇਕਰ ਅਜੰਸੀ ਨੈਗੋਸੀਏਸ਼ਨ ਰਾਹੀਂ ਆਪਣੀ ਜੀ.ਐਸ.ਟੀ Extra ਦੀ ਕੰਡੀਸ਼ਨ ਡਰਾਪ ਕਰਦੀ ਹੈ ਤਾਂ ਉਸ ਨੂੰ ਕੰਮ ਅਲਾਟ ਕੀਤਾ ਜਾ ਸਕਦਾ ਹੈ। ਇਸ ਉਪਰੰਤ ਅਜੰਸੀ ਨੂੰ ਫੋਨ ਰਾਹੀਂ ਜੀ.ਐਸ.ਟੀ Extra ਦੀ ਕੰਡੀਸ਼ਨ ਡਰਾਪ ਕਰਨ ਲਈ ਕਿਹਾ ਗਿਆ। ਅਜੰਸੀ ਵਲੋਂ ਆਪਣੇ ਪੱਤਰ ਰਾਹੀਂ ਲਿਖ ਕੇ ਦਿੱਤਾ ਗਿਆ ਹੈ ਕਿ ਉਹ ਟੈਂਡਰ ਵਿੱਚ ਪਾਈ ਗਈ ਜੀ.ਐਸ.ਟੀ Extra ਦੀ ਕੰਡੀਸ਼ਨ ਡਰਾਪ ਕਰਨ ਲਈ ਤਿਆਰ ਹੈ। ਇਸ ਉਪਰੰਤ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ ਹੈ।ਕਾਰਜਕਾਰੀ ਇੰਜਨਿਅਰ (ਓ ਐਂਡ ਐਮ) ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਹੈ ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਟੈਂਡਰ ਪ੍ਰਵਾਨ ਕਰਨ ਹਿੱਤ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.11.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਠੇਕੇਦਾਰ/ਏਜੰਸੀਆਂ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ।ਇਹ ਵੀ ਫੈਸਲਾ ਹੋਇਆ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 26.9.2019 ਦੀ ਮੱਦ ਨੰ: 153 ਤਹਿਤ ਮੇਅਰ ਜੀ ਵਲੋਂ ਗਠਤ ਕਮੇਟੀ ਵਿੱਚ ਡੀ.ਸੀ.ਐਫ.ਏ. ਜਾਂ ਕੋਈ ਹੋਰ ਅਧਿਕਾਰੀ ਵੀ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.11.2019

**ਮਤਾ ਨੰਬਰ:-187**

ਵਿਸ਼ਾ:- ਪ੍ਰੋਵਾਇਡਿੰਗ ਐਂਡ ਇੰਨਸਟਾਲੇਸ਼ਨ ਆਫ 8" ਡਾਇਆ ਸਟਰੇਟ ਹੈਂਡ ਬੋਰ ਟਿਊਬਵੈਲ ਐਟ ਅਸ਼ੋਕ ਨਗਰ ਵਾਰਡ ਨੰਬਰ 37 ਜ਼ੋਨ ਨੰਬਰ 4 ਈ-ਟੈਂਡਰ ਪ੍ਰਵਾਨਗੀ ਹਿੱਤ।

| | | |
|---|---|---|
| ਤਖਮੀਨਾ ਰੁਪਏ | 13,31,599/- | |
| ਟੈਂਡਰ ਮੰਗੇ ਰੁਪਏ | 12,31,599/- | |
| ਕੁੱਲ ਪ੍ਰਾਪਤ ਟੈਂਡਰ = 3 | (ਤੀਜੀ ਬਾਰੀ) | |
| ਟੈਂਡਰ ਅਮਾਊਂਟ ਰੁਪਏ | 12,25,441/- | ਸੇਵਿੰਗ 0.50% |
| ਅਜੰਸੀ ਦਾ ਨਾਮ | M/s Om Enterprises, Jalandhar | |

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਵਾਉਣ ਲਈ ਤਖਮੀਨੇ ਦੀ ਪ੍ਰਵਾਨਗੀ ਮਾਨਯੋਗ ਮੇਅਰ ਸਾਹਿਬ ਜੀ ਨੇ ਆਪਣੇ ਹੁਕਮ ਮਿਤੀ 12.06.2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਦਿੱਤੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਸੁਸਾਇਟੀਆਂ/ ਠੇਕੇਦਾਰਾਂ ਕੋਲੋਂ ਮਿਤੀ 03.09.2019 ਲਈ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਜੀ ਬਾਰੀ ਇਸ ਕੰਮ ਦੇ ਟੈਂਡਰ ਅਖਾਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 09.09.2019 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 16.10.2019 ਲਈ ਮੰਗੇ ਗਏ ਤੇ 3 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀਆਂ ਤਕਨੀਕੀ ਬਿਡਾਂ ਖੋਲੀ ਗਈਆਂ, ਜਿਸ ਵਿੱਚ ਮੈਸ: Om Enterprises Jalandhar, ਮੈਸ: Gourav Sharma, Jalandhar ਅਤੇ ਮੈਸ: Deep Tubewell Drillers Pvt. Ltd. Zirakpur ਵਲੋਂ ਤਖਮੀਨੇ ਦੀ ਰਕਮ ਤੇ ਜੀ.ਐਸ.ਟੀ Extra ਲੈਣ ਦੀ ਕੰਡੀਸ਼ਨ ਪਾਈ ਗਈ ਸੀ। Technical Bid Evaluation ਕਮੇਟੀ ਵਲੋਂ ਉਪਰੋਕਤ ਤਿੰਨੋ ਅਜੰਸੀਆਂ ਦੀ ਵਿੱਤੀ ਬਿਡਾਂ ਇਸ ਸ਼ਰਤ ਤੇ ਖੋਲਣ ਦੀ ਸਿਫਾਰਸ਼ ਕੀਤੀ ਗਈ ਕਿ ਜੇਕਰ ਉਪਰੋਕਤ ਤਿੰਨੋ ਅਜੰਸੀਆਂ ਸਰਕਾਰ ਵਲੋਂ ਸਾਲ 2018 ਵਿੱਚ ਜਾਰੀ SOP ਦੀਆ ਹਦਾਇਤਾਂ ਅਨੁਸਾਰ ਆਪਣੀ ਜੀ.ਐਸ.ਟੀ Extra ਦੀ ਕੰਡੀਸ਼ਨ ਡਰਾਪ ਕਰਦੀਆਂ ਹਨ ਤਾਂ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਜਾਣ ਅਤੇ ਇਨ੍ਹਾਂ ਵਿਚੋਂ L-1 ਅਜੰਸੀ ਨੂੰ ਕੰਮ ਅਲਾਟ ਕੀਤਾ ਜਾ ਸਕਦਾ ਹੈ। ਇਸ ਉਪਰੰਤ ਤਿੰਨੋ ਅਜੰਸੀਆਂ ਨੂੰ ਆਪਣੀ ਜੀ.ਐਸ.ਟੀ Extra ਦੀ ਕੰਡੀਸ਼ਨ ਡਰਾਪ ਕਰਨ ਲਈ ਕਿਹਾ ਗਿਆ। ਉਪਰੋਕਤ ਤਿੰਨੋ ਅਜੰਸੀ ਵਲੋਂ ਆਪਣੇ ਪੱਤਰ ਰਾਹੀਂ ਲਿਖ ਕੇ ਦਿੱਤਾ ਗਿਆ ਹੈ ਕਿ ਉਹ ਟੈਂਡਰ ਵਿੱਚ ਪਾਈ ਗਈ ਜੀ.ਐਸ.ਟੀ Extra ਦੀ ਕੰਡੀਸ਼ਨ ਡਰਾਪ ਕਰਨ ਲਈ ਤਿਆਰ ਹਨ।

ਇਸ ਉਪਰੰਤ ਤਿੰਨੋ ਅਜੰਸੀਆਂ ਦੀ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਅਨੁਸਾਰ ਮੈਸ: Om Enterprises Jalandhar ਦੇ ਟੈਂਡਰ ਰੇਟ ਘੱਟ ਪਾਏ ਗਏ ਹਨ, ਜਿਸ ਨੇ ਵਿਸ਼ੇ ਅਧੀਨ ਕੰਮ 0.50% ਦੀ ਸੇਵਿੰਗ ਨਾਲ ਰੁਪਏ 12,31,599/- ਦੇ ਵਿਰੁੱਧ ਰੁਪਏ 12,25,441/- ਵਿੱਚ ਕਰਨਾ ਹੈ। ਕਾਰਜਕਾਰੀ ਇੰਜਨਿਅਰ (ਓ ਐਂਡ ਐਮ) ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਹੈ ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਟੈਂਡਰ ਪ੍ਰਵਾਨ ਕਰਨ ਹਿੱਤ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.11.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਠੇਕੇਦਾਰ/ਏਜੰਸੀਆਂ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

**ਮਤਾ ਨੰਬਰ:**-188
ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁਕੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No | W. No. | Name of work | Tender Calling Amount | Name of Agency | Saving | Tender Amt. Rs. | House Reso No. | Tender called (No. of times) | Nof of bids receive |
|---|---|---|---|---|---|---|---|---|---|
| 1 | G | Purchase of Domestic Vacuum Flask Water Bottle (Infinity Kruise 1000ML ) under Swachh Bharat Mission against IEC Fund **Only PAN and GST Number required as Tech Bid** | 70,000/- | ਮੈ: ਹਰੀ ਕੰਸਟ੍ਰਕਸ਼ਨ ਕੰਮਨੀ | 2.22% | 68,446/- | Anti | 4 | 1 |
| 2 | G | Purchase of 1 Set Compost Pit Big Under Swachh Bharat Mission against IEC Fund Mission against IEC Fund **Only PAN and GST Number required as Tech Bid** | 66,000/- | ਮੈ: ਹਰੀ ਕੰਸਟ੍ਰਕਸ਼ਨ ਕੰਮਨੀ | 1.22% | 65,194/- | Anti | 4 | 1 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

ਮਤਾ ਨੰਬਰ:-189

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟਿਊਬਵੈਲਾਂ ਨਾਲ ਸਬੰਧਤ ਟੈਂਡਰ ਪ੍ਰਵਾਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ਰਿਪਲੇਸਮੈਂਟ ਦੇ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁਕੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. N | W. No. | Name of work | Tender Calling Amount | Name of Agency | Saving | Tender Amt. Rs. | House Reso No. | Tender called (No. of times) | No of bids receive |
|---|---|---|---|---|---|---|---|---|---|
| 1 | 42 Old | Installation of Rig Bore Tubewell at Pannu Vihar | 1931462/- | ਮੈ: ਗੋਈਅਲ ਟਿਊਬਵੈਲ ਸਟੋਰ | 6.61% | 18,03,792/- | 69(4) 06.09.17 | 5 | 3 |
| 2 | 56 Old | Installation of Rig Bore Tubewell at Universal Colony | 1835462/- | ਮੈ: ਗੋਈਅਲ ਟਿਊਬਵੈਲ ਸਟੋਰ | 6.63% | 17,13,770/- | 11(3) 30.11.17 | 5 | 2 |
| 3 | 56 Old | Installation of Rig Bore Tubewell at Ranjit Enclave Lohar Nangal (R ) | 1835462/- | ਮੈ: ਗੋਈਅਲ ਟਿਊਬਵੈਲ ਸਟੋਰ | 6.64% | 17,13,587/- | 11(2) 30.11.17 | 5 | 3 |
| 4 | 05 Old | Installation of Deep Hand Bore Tubewell at Tanda Road in lieu Kishanpura | 1151599/- | ਸ੍ਰੀ ਸੁਭਾਸ਼ ਸ਼ਰਮਾ | 0.50% | 11,45,841/- | 53(4) 8.5.15 | 3 | 1 |
| 5 | | Installation of Deep Hand Bore Tubewell at Bharat Nagar [Anti] (Grant) | 1155000/- | ਸ੍ਰੀ ਸੁਭਾਸ਼ ਸ਼ਰਮਾ | 0.50% | 10,90,474/- | Anti 6.8.19 | 2 | 3 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 4 ਅਤੇ 5 ਦੇ ਠੇਕੇਦਾਰ/ਏਜੰਸੀਆਂ ਜੇਕਰ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤੇ ਜਾਂਦੇ ਹਨ ਨਹੀਂ ਤਾਂ ਇੰਨਾਂ ਕੰਮਾਂ ਦੇ ਦੁਬਾਰਾ ਟੈਂਡਰ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.11.2019

ਮਤਾ ਨੰਬਰ:-190
ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟਿਊਬਵੈਲਾਂ ਨਾਲ ਸਬੰਧਤ ਟੈਂਡਰ ਪ੍ਰਵਾਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ਰਿਪਲੇਸਮੈਂਟ ਦੇ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁਕੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No | W. No. | Name of work | Tender Calling Amount | Name of Agency | Saving | Tender Amt. Rs. | Second Lowest (L2) Saving% | House Reso No. | Tender called (No. of times) | No of bids receive |
|---|---|---|---|---|---|---|---|---|---|---|
| 1 | 48 New | Installation of Deep Hand Bore Tubewell at Tagore Nagar Replacement | 1156598/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1098305/- | ਸੁਭਾਸ਼ ਸ਼ਰਮਾ 0.50% | 94(7) 25.06.18 | 3 | 2 |
| 2 | 16 New | Installation of Deep Hand Bore Tubewell at Guru Nanak Pura West Replacement | 1151599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1093558/- | ਸਿੰਗਲ ਟੈਂਡਰ | 94(11) 25.06.18 | 3 | 1 |
| 3 | 57 New | Installation of Deep Hand Bore Tubewell at Prithivi Nagar Replacement | 1081599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1027086/- | ਸੁਭਾਸ਼ ਸ਼ਰਮਾ 0.50% | 94(17) 25.06.18 | 3 | 2 |
| 4 | 68 New | Installation of Deep Hand Bore Tubewell at Bhatra Mohalla | 1071599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.03% | 1017697/- | ਸੁਭਾਸ਼ ਸ਼ਰਮਾ 0.50% | 89(11) 25.6.18 | 3 | 2 |
| 5 | 13 New | Installation of Deep Hand Bore Tubewell at Rama Mandi | 1201599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.05% | 1140918/- | ਸੁਭਾਸ਼ ਸ਼ਰਮਾ 0.50% | 89(4) 25.6.18 | 3 | 2 |
| 6 | 49 New | Installation of Deep Hand Bore Tubewell at Bindi Ghori wali Park Islamabad Replacement | 1131599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1074566/- | ਓਮ ਇੰਟਰਪ੍ਰਾਇਸਿਜ਼ (GST Extra) 0.50% | 94(6) 25.6.18 | 3 | 2 |
| 7 | 26 New | Installation of Deep Hand Bore Tube well at U.E.II Opposite little Blossom School | 1201599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.05% | 1140918/- | ਓਮ ਇੰਟਰਪ੍ਰਾਇਸਿਜ਼ (GST Extra) 0.50% | 158(4) 18.10.18 | 3 | 2 |
| 8 | 28 New | Installation of Deep Hand Bore Tubewell at Indira Park | 1111599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1055574/- | ਓਮ ਇੰਟਰਪ੍ਰਾਇਸਿਜ਼ (GST Extra) 0.50% | 89(7) 25.6.18 | 3 | 2 |

| | | | | | | | | | | |
|---|---|---|---|---|---|---|---|---|---|---|
| 9 | 28 New | Installation of Deep Hand Bore Tubewell at Bank Colony | 1111599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1055574/- | ਓਮ ਇੰਟਰਪ੍ਰਾਇਸਿਜ਼ (GST Extra) 0.50% | 89(8) 25.6.18 | 3 | 2 |
| 10 | 28 New | Installation of Deep Hand Bore Tubewell at Shiv Vihar | 1111599/- | ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ | 5.04% | 1055574/- | ਓਮ ਇੰਟਰਪ੍ਰਾਇਸਿਜ਼ (GST Extra) 0.50% | 89(9) 25.6.18 | 3 | 2 |

ਉਪਰੋਕਤ 10 ਟਿਊਬਵੈਲ ਦੀਆਂ ਫਾਇਨੈਂਸ਼ਲ ਬਿਡਾਂ ਖੋਲਣ ਉਪਰੰਤ ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਵੱਲੋ ਟੈਂਡਰਾਂ ਦੇ ਰੇਟ ਘੱਟ (L 1) ਪਾਇਆ ਗਿਆ ਹੈ, ***ਪਰੰਤੂ ਟੈਡਰ ਕੰਡੀਸ਼ਨ ਅਨੂਸਾਰ ਇਸ ਠੇਕੇਦਾਰ ਨੂੰ 8 ਤੋ ਜਿਆਦਾਂ ਟਿਊਬਵੈਲ ਅਲਾਂਟ ਨਹੀ ਕੀਤੇ ਜਾ ਸਕਦੇ ਹਨ।*** ਇਸ ਲਈ ਉਪਰੋਕਤ ਅਨੁਸਾਰ ਕੰਮਾਂ ਦੇ ਟੈਡਰ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲਾ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਹਾਲ ਦੀ ਘੜੀ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਐਸ.ਈ.( ਓ ਐਂਡ ਐਮ) ਵਲੋਂ ਦੱਸਿਆ ਗਿਆ ਕਿ ਮੈਸਰਜ਼ ਭਾਗਵਤ ਇੰਜੀਨਿਅਰ ਐਂਡ ਕੰਟਰੈਕਟਰ ਪਾਸ ਪਹਿਲਾਂ ਅਲਾਟ 19 ਟਿਊਬਵੈਲਾਂ ਦੇ ਟੈਂਡਰਾਂ ਵਿੱਚੋਂ ਹਾਲ ਦੀ ਘੜੀ 5 ਟਿਊਬਵੈਲਾਂ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ 14 ਕੰਮ ਸ਼ੁਰੂ ਕਰਨੇ ਹਨ। ਇਸ ਉਪਰੰਤ ਫੈਸਲਾ ਹੋਇਆ ਕਿ ਐਸ.ਈ.(ਓ ਐਂਡ ਐਮ) ਵਲੋਂ ਮੈਸਰਜ਼ ਭਾਗਵਤ ਇੰਜੀਨਿਅਰ ਐਂਡ ਕੰਟਰੈਕਟਰ ਦੀ ਬਿਡਿੰਗ ਕਪੈਸਿਟੀ ਨੂੰ ਐਨਾਲਾਈਜ਼ ਕਰਕੇ ਰਿਪੋਰਟ ਕਮੇਟੀ ਨੂੰ ਪੇਸ਼ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

ਮਤਾ ਨੰਬਰ:–191

ਵਿਸ਼ਾ:– ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੁਰੀਆ ਐਨਕਲੇਵ ਤੇ ਜੇ.ਸੀ ਰਿਪੋਰਟ ਤੱਕ 48" ਸੀਵਰ ਦੀ ਡੀ–ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 9,45,200/– (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵੇਗਾ ਤਾਂ)
ਅਜੰਸੀ ਦਾ ਨਾਮ:– ਮੈਸਰਜ਼ APESPL-IBA JV,
(Aryan Pumps Enviro Solution Pvt.Ltd- Inderjit Bajaj & Associates JV) Pune

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ–ਵੱਖ ਸੀਵਰਾਂ ਦੀ ਡੀ–ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ (ਕਾਪੀ ਨਾਲ ਨੱਥੀ ਹੈ)। ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 194(2) ਮਿਤੀ 18.10.18 ਰਾਹੀਂ ਤਖਮੀਨਾ ਰੁਪਏ 9,45,200/– ਦੀ ਪ੍ਰਵਾਨਗੀ ਦਿੱਤੀ ਹੈ।

ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ ਜੀ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਣਯੋਗ ਮੇਅਰ ਜੀ ਦੇ ਹੁਕਮਾਂ ਰਾਹੀ ਉਪਰੋਕਤ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
21.11.2019

**ਮਤਾ ਨੰਬਰ:-192**
ਵਿਸ਼ਾ:- ਬੀ ਐਂਡ ਆਰ ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | BOQ Amt | Saving %age | Tender Amt. | Name of Agency | Tender called (No. of times) | No. of Tender Received | House Resolution |
|---|---|---|---|---|---|---|---|---|---|---|
| 1 | 69 | P/L SDBC Gulab Devi Road | 33.43 | 28.82 | 1.08% | 28.51 | Satish Aggarwal & Co. | 3rd time | 1 | Anticipation Dt. 26.2.19 |
| 2 | G | P/L of 25mm thick SDBC on Leather Complex Road | 24.66 | 24.50 | 1.08% | 24.24 | Satish Aggarwal & Co. | 3rd time | 1 | Anticipation Dt. 26.2.19 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 193 ਤੋਂ 197 ਤੱਕ ਅਜੰਡੇ ਤੋਂ ਬਾਹਰੋਂ ਲੀਤੀਆਂ ਗਈਆਂ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

**ਮਤਾ ਨੰਬਰ:-193**

ਵਿਸ਼ਾ:- ਬੀ ਐਂਡ ਆਰ ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 173(3) ਮਿਤੀ 8.11.2019 ਦੇ ਸਬੰਧ ਵਿਚ।

ਹਵਾਲੇ ਅਧੀਨ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 173(3) ਮਿਤੀ 8.11.2019 ਨੂੰ ਮੀਟਿੰਗ ਵਿਚ ਵਿਚਾਰਣ ਉਪਰੰਤ ਫੈਸਲਾ ਹੋਇਆ ਸੀ ਕਿ ਇਸ ਮੱਦ ਦੇ ਲੜੀ ਨੰ: 3 ਦੇ ਟੈਂਡਰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ। ਮਾਨਯੋਗ ਮੇਅਰ ਜੀ ਦੇ ਜੁਬਾਨੀ ਆਦੇਸ਼ਾਂ ਅਨੁਸਾਰ ਇਹ ਟੈਂਡਰ ਮੁੜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਪੇਸ਼ ਹੈ।

| Sr. No | W. No | Name of Work | Est. Amt. | BOQ Amt | Saving %age | Tender Amt. | Name of Agency | Tender called (No. of times) | No. of Tender Received | House Resolution |
|---|---|---|---|---|---|---|---|---|---|---|
| 1 | 35 | Const. of Room & Toilet Block at Makhdoompura | 3.35 | 3.35 | 3.51% | 3.23 | Radhe Krishna | 12 | 1 | 178(28) dt. 5.12.16 |

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.11.2019

**ਮਤਾ ਨੰਬਰ:-194**
ਵਿਸ਼ਾ:- ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰ: 147 ਮਿਤੀ 26.9.2019 ਦੇ ਫੈਸਲੇ ਸਬੰਧੀ ।

ਉਪ-ਸੰਚਾਲਕ (ਵਿੱਤ ਅਤੇ ਲੇਖਾ) ਮਿਤੀ 19.11.2019 ਕਿ ਸ੍ਰੀ ਇਸ਼ਾਤ ਸ਼ਰਮਾ, ਬਜਵਾਰਾ ਕੋ-ਅਪਰੇਟਿਵ ਐਲ. ਐਂਡ ਸੀ ਸੋਸਾਇਟੀ ਵਲੋਂ ਤਿੰਨ ਵਾਰੀ ਲੇਖਾ ਸ਼ਾਖਾ ਵਿਚ ਪੇਸ਼ ਹੋਏ। ਉਹਨਾਂ ਵਲੋਂ ਇਹ ਆਸਵਾਸ਼ਨ ਦਿੱਤਾ ਗਿਆ ਕਿ ਜ਼ੋ ਉਹਨਾਂ ਦੀ ਸੋਸਾਇਟੀ ਦੀ ਡੌਂਗਲ ਗੁਆਈ ਸੀ ਉਸ ਬਾਰੇ ਜ਼ੋ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ ਹੈ, ਉਸ ਦੀ ਕਾਪੀ ਟੁਕ ਅਤੇ ਕਿਸੇ ਵਲੋਂ ਉਹਨਾਂ ਦੀ ਡੌਂਗਲ ਇਸਤੇਮਾਲ ਕਰਕੇ ਜ਼ੋ ਟੈਂਡਰ ਪਾਇਆ ਗਿਆ ਹੈ ਉਸ ਦੀ ਐਫ.ਆਈ. ਆਰ. ਦਰਜ ਕਰਵਾ ਕੇ ਉਸ ਦੀ ਕਾਪੀ ਟੁਕ ਪੇਸ਼ ਕਰਨਗੇ। ਪਰੰਤੂ ਬਾਰ ਬਾਰ ਦਫਤਰ ਵਿਚ ਪੇਸ਼ ਹੋਣ ਦੇ ਬਾਵਜੂਦ ਵੀ ਉਹਨਾਂ ਵਲੋਂ ਇਹ ਦਸਤਾਵੇਜ਼ ਪੇਸ਼ ਨਹੀਂ ਕੀਤੇ ਗਏ।ਰਿਪੋਰਟ ਕਮੇਟੀ ਦੇ ਸਨਮੁੱਖ ਪੇਸ਼ ਹੈ ਜੀ ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 21.11.2019 ਰਾਹੀਂ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਸਬੰਧਤ ਅਜੰਸੀ ਨੂੰ ਆਖ਼ਰੀ ਮੌਕਾ ਦੇ ਕੇ ਤਿੰਨ ਦਿਨਾਂ ਦੇ ਅੰਦਰ ਅੰਦਰ ਦਸਤਾਵੇਜ਼ ਮੰਗਵਾਏ ਜਾਣ। ਜੇਕਰ ਦਸਤਾਵੇਜ਼ ਪ੍ਰਾਪਤ ਨਹੀਂ ਹੁੰਦੇ ਤਾਂ ਅਜੰਸੀ ਵਿੱਰੁਧ ਐਫ.ਆਈ.ਆਰ. ਦਰਜ ਕਰਵਾਈ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

ਮਤਾ ਨੰਬਰ:-195
ਵਿਸ਼ਾ:- ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No | W. No | Name of Work | Est. Amt. | Saving %age | Tender Amt. | Name of Agency | Tender called | No. of Valid Tender Received | House Resolution |
|---|---|---|---|---|---|---|---|---|---|
| **Urban Environment Improvement Programme Funds** | | | | | | | | | |
| 1. | 53 | Const. of CC flooring in street in Halt wali gali Mohindru Mohalla | 5.57 | 4.05 | 5.34 | The Daulatpuri Co. Op. LC Society | 3rd Time | 1 | Anticipation Dt. 26.02.19 |
| 2. | 53 | Const. of CC flooring in streets in Muglan Dhikky | 1.37 | 4.05 | 1.31 | The Daulatpuri Co. Op. LC Society | 3rd Time | 1 | Anticipation Dt. 26.02.19 |
| 3. | 53 | Const. of CC flooring in streets in Quilla mohalla | 10.87 | 4.05 | 10.43 | The Daulatpuri Co. Op. LC Society | 3rd Time | 1 | Anticipation Dt. 26.02.19 |
| 4. | 54 | Const. of CC flooring in Rasta Mohalla | 14.14 | 4.05 | 13.57 | The Daulatpuri Co. Op. LC Society | 3rd Time | 1 | Anticipation Dt. 26.02.19 |
| 5. | 54 | Const. of CC flooring in mohalla Kallowni | 12.27 | 4.05 | 11.77 | The Daulatpuri Co. Op. LC Society | 3rd Time | 1 | Anticipation Dt. 26.02.19 |
| 6. | 54 | Const. of CC flooring in Street in Mohalla Shivrajgarh | 7.96 | 4.05 | 7.64 | The Daulatpuri Co. Op. LC Society | 3rd Time | 1 | Anticipation Dt. 26.02.19 |
| 7. | 54 | Const. of CC flooring in street in Quazi Mohalla | 19.97 | 4.05 | 19.16 | The Daulatpuri Co. Op. LC Society | 3rd Time | 1 | Anticipation Dt. 26.02.19 |
| 8. | 76 | Boundary wall shamshan ghat ward no. 76 | 3.32 | 2.07 | 3.25 | The Daulatpuri Co. Op. LC Society | 3rd Time | 1 | Anticipation Dt. 26.02.19 |
| 9. | Gen | Const. of Shivpuri Model House | 5.66 | 2.07 | 5.54 | The Daulatpuri Co. Op. LC Society | 3rd Time | 1 | Anticipation Dt. 26.02.19 |
| 10. | Gen | Development of Shamshan Ghat Jallowal Abadi | 4.10 | 2.07 | 4.01 | The Daulatpuri Co. Op. LC Society | 3rd Time | 1 | Anticipation Dt. 26.02.19 |
| 11. | 20 | Const. of footpoath on main road New Jawahar Nagar | 1.15 | 2.07 | 1.13 | The Daulatpuri Co. Op. LC Society | 3rd Time | 1 | Anticipation Dt. 26.02.19 |
| 12. | 51 | P/L CC in Park at Kot pakshian mohalla | 0.92 | 2.07 | 0.90 | The Daulatpuri Co. Op. LC Society | 3rd Time | 1 | Anticipation Dt. 26.02.19 |
| **MC Fund** | | | | | | | | | |
| 13. | Gen | Const. of road from Shaheed Kapil Vinayak chowk to divider end opp. Kidney Hospital Cool Road Jalandhar. | 59.13 | 1.08 | 58.37 | Satish Aggarwal & Co. | 3rd Time | 1 | House Anticipation Dt. 26.02.19 F&CC Anticipation Dt. 19.09.19 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
21.11.2019

**ਮਤਾ ਨੰਬਰ:-196**

ਵਿਸ਼ਾ:- ਨਗਰ ਨਿਗਮ ਵਿਚ ਚੱਲ ਰਹੇ ਟਿਊਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ-ਰਖਾਵ ਵਾਸਤੇ 6 ਐਮ.ਐਮ., 10 ਐਮ.ਐਮ. ਅਤੇ 16 ਐਮ.ਐਮ. ਸਬਮਰਸੀਬਲ ਕੇਬਲ ਖਰੀਦਣ ਬਾਰੇ ।

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 139 ਮਿਤੀ 26.9.2019 ਦੇ ਸਬੰਧ ਵਿਚ।

ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਮਿਤੀ 22.10.2019 ਕਿ ਉਪਰੋਕਤ ਵਿਸ਼ੇ ਅਧੀਨ ਸਮਾਨ ਦੀ ਖਰੀਦ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰ: 139 ਮਿਤੀ 26.9.2019 ਰਾਹੀਂ ਵਿਚਾਰਣ ਉਪਰੰਤ ਇਹ ਫੈਸਲਾ ਹੋਇਆ ਕਿ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ਅਤੇ ਇਹ ਵੀ ਫੈਸਲਾ ਹੋਇਆ ਕਿ ਇਸ ਸਬੰਧੀ ਮਿਸਲ ਮੇਅਰ ਜੀ ਨੂੰ ਘੋਖਣ ਹਿਤ ਪੇਸ਼ ਕੀਤੀ ਜਾਵੇ। ਇਸ ਲਈ ਵਿੱਤ ਅਤੇ ਠੇਕਾ ਕਮੇਟੀ ਦੇ ਫੈਸਲੇ ਅਨੁਸਾਰ ਵਿਸ਼ੇ ਅਧੀਨ ਮਿਸਲ ਆਪ ਜੀ ਨੂੰ ਅਗਲੇਰੀ ਕਾਰਵਾਈ ਹਿਤ ਭੇਜੀ ਜਾਂਦੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਮਿਤੀ 21.11.2019 ਰਾਹੀਂ ਉਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਡੀ.ਸੀ.ਐਫ.ਏ.(ਆਰ) ਅਤੇ (ਵੀ) ਵਲੋਂ ਇਸ ਮਿਸਲ ਨੂੰ ਘੋਖ ਕੇ ਰਿਪੋਰਟ ਕਮੇਟੀ ਨੂੰ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.11.2019

ਮਤਾ ਨੰਬਰ:-197

ਵਿਸ਼ਾ :- ਸਿੰਘ ਅਰਥ ਮੂਵਰਜ ਠੇਕੇਦਾਰ ਦੇ ਕੂੜਾ ਚੁਕਣ ਵਾਲੇ ਟਿੱਪਰਾਂ ਅਤੇ ਜੀ.ਸੀ.ਬੀ ਦੀ ਐਵਰੈਜ ਸਬੰਧੀ।

ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 180 ਮਿਤੀ 8.11.2019 ਦੇ ਸਬੰਧ ਵਿਚ

ਪੜਿਆ ਨੋਟ ਉਚ ਸੰਚਾਲਕ (ਵਿੱਤ ਅਤੇ ਲੇਖਾ) (ਆਰ ਅਤੇ ਵੀ) ਕਿ ਹਵਾਲੇ ਅਧੀਨ ਮਤੇ ਦੇ ਹੋਏ ਫੈਸਲੇ ਸਬੰਧੀ ਲਿਖਿਆ ਹੈ ਕਿ ਇਸ ਕੇਸ ਵਿਚ ਜ਼ੋ ਤਖਮੀਨਾ ਤਿਆਰ ਕੀਤਾ ਗਿਆ ਹੈ ਉਸ ਵਿਚ ਜੇ.ਸੀ.ਬੀ. ਦਾ ਪ੍ਰਤੀ ਘੰਟਾ ਰੇਟ 412.50 ਰੁਪਏ ਅਤੇ ਟਿੱਪਰ ਦਾ ਰੇਟ ਪ੍ਰਤੀ ਘੰਟਾ 550.00 ਰੁਪਏ ਲਗਾਇਆ ਗਿਆ ਹੈ। ਪਰੰਤੂ ਇਹ ਰੇਟ ਕਿਸ ਆਧਾਰ ਤੇ ਲਗਾਏ ਗਏ ਹਨ ਇਸ ਬਾਰੇ ਕੋਈ ਜਿਕਰ ਨਹੀ ਕੀਤਾ ਗਿਆ ਹੈ ਜਦਕਿ ਸੀ.ਐਸ.ਆਰ ਦੇ ਚੈਪਟਰ 2 ਵਿਚ ਆਇਟਮ ਨੰ: 2.56 ਤੇ ਟਿੱਪਰ ਦਾ ਪ੍ਰਤੀ ਘੰਟਾ ਬੇਸਿਕ ਰੇਟ 300.00 ਰੁਪਏ (ਪ੍ਰੀਮਿਅਮ ਰਹਿਤ) ਤਖਮੀਨਾ ਤਿਆਰ ਕਰਨ ਲਈ ਨਿਸ਼ਚਿਤ ਕੀਤੇ ਗਏ ਹਨ। ਜ਼ੋ 300.00 ਰੁਪਏ ਬੇਸਿਕ ਰੇਟ ਨਿਸ਼ਚਿਤ ਕੀਤਾ ਗਿਆ ਹੈ ਉਸ ਵਿਚ ਹਰ ਇਕ ਚੀਜ਼ ਜਮ੍ਹਾ ਹੈ ਭਾਵ ਡੀਜ਼ਲ ਆਦਿ ਵੀ ਠੇਕੇਦਾਰ ਵੱਲੋਂ ਮੁਹਇਆ ਕਰਵਾਇਆ ਜਾਣਾ ਹੈ। ਮਿਤੀ 18.02.2019 ਨੂੰ ਜ਼ੋ ਵਰਕ ਆਰਡਰ ਨੰ: 3/ਐਚ/ਟੀ ਜਾਰੀ ਕੀਤਾ ਗਿਆ ਹੈ ਉਸ ਵਿਚ ਦਰਸਾਇਆ ਗਿਆ ਹੈ ਕਿ ਠੇਕੇਦਾਰ ਨੂੰ ਜ਼ੋ ਡੀਜ਼ਲ ਦੀ ਖਪਤ ਦੀ ਅਦਾਇਗੀ ਕੀਤੀ ਜਾਵੇਗੀ ਉਹ ਗੱਡੀ ਦੇ ਉਤਪਾਦਕ ਵੱਲੋਂ ਦਿੱਤੇ ਐਵਰੇਜ਼ ਮਾਈਲੇਜ਼ ਦੇ ਸਰਟੀਫਿਕੇਟ ਦੇ ਆਧਾਰ ਤੇ ਕੀਤੀ ਜਾਵੇਗੀ ਅਤੇ ਇਹ ਸਰਟੀਫਿਕੇਟ ਠੇਕੇਦਾਰ ਵੱਲੋਂ ਦਿੱਤਾ ਜਾਵੇਗਾ। ਇਸ ਤਰ੍ਹਾ ਇਹ ਠੇਕੇਦਾਰ ਤੇ ਜੁੰਮੇਵਾਰੀ ਬਣਦੀ ਹੈ ਕਿ ਉਹ ਲੋੜੀਂਦਾ ਸਰਟੀਫਿਕੇਟ ਗੱਡੀ ਦੇ ਉਤਪਾਦਕ ਤੋਂ ਲੈ ਕੇ ਦੇਵੇ। ਉਸ ਉਪਰੰਤ ਹੀ ਇਸ ਸਬੰਧੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਤਰ੍ਹਾ ਜ਼ੋ ਸ਼੍ਰੀ ਨੀਲਕੰਠ, ਮੈਂਬਰ ਐਫ.ਐਂਡ.ਸੀ. ਜੀ ਵੱਲੋ ਰਿਪੋਰਟ ਮਿਤੀ 08.11.2019 ਨੂੰ ਕੀਤੀ ਗਈ ਹੈ ਉਸਤੇ ਵੀ ਹਾਲ ਦੀ ਘੜੀ ਅਜੇ ਕੋਈ ਟਿੱਪਣੀ ਨਹੀ ਕੀਤੀ ਜਾ ਸਕਦੀ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋ ਜ਼ੋ ਗੱਡੀਆ ਚਲਾਈਆ ਜਾਂਦੀਆਂ ਹਨ ਉਹਨਾ ਦੀ ਲਾਗ ਬੁਕ ਦੀ ਕਾਪੀ ਟ੍ਰਕ ਡੀਜ਼ਲ ਦੀ ਖਪਤ ਬਾਰੇ ਮਿਸਲ ਤੇ ਲਗਾਈ ਗਈ ਹੈ ਉਸਤੇ ਕਿਸੇ ਵੀ ਅਧਿਕਾਰੀ ਵੱਲੋ ਹਸਤਾਖਰ ਕਰਕੇ ਪੁਸ਼ਟੀ ਨਹੀ ਕੀਤੀ ਜਿਸ ਲਈ ਉਹ ਮੰਨਣ ਯੋਗ ਨਹੀ ਹੈ।ਉਹਨਾਂ ਵੱਲੋ ਸਿਰਫ ਤੇ ਸਿਰਫ ਐਵਰੇਜ਼ ਮਾਈਲੇਜ਼ ਸਬੰਧੀ ਰਿਪੋਰਟ ਕੀਤੀ ਗਈ ਹੈ ਇਸ ਤੋ ਇਲਾਵਾ ਹੋਰ ਕਿਸੇ ਤੱਥ ਨੂੰ ਨਹੀ ਵਾਚਿਆ ਗਿਆ ਜੀ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਮਿਤੀ 21.11.2019 ਰਾਹੀਂ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਦੋਵੇਂ ਡੀ.ਸੀ.ਐਫ.ਏ. (ਆਰ) ਅਤੇ (ਵੀ) ਇਸ ਜਾਂਚ ਦਾ ਟੇਬਲ ਵਾਈਜ਼ ਚਾਰਟ ਬਨਾ ਕੇ ਕਮੇਟੀ ਨੂੰ ਪੇਸ਼ ਕਰਨਗੇ ਅਤੇ ਇਸ ਸਬੰਧੀ ਕਿਸੇ ਤਕਨੀਕੀ ਅਧਿਕਾਰੀ ਜਾਂ ਜਿਸ ਨੂੰ ਮੇਅਰ ਜੀ ਸਹੀ ਸਮਝਣ ਸ਼ਾਮਲ ਕਰਵਾਕੇ ਕਮੇਟੀ ਨੂੰ ਜਾਣੂ ਕਰਵਾਇਆ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

21.11.2019